# ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ,

**ਨੇੜੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਸ 3ਬੀ-1, ਐਸ.ਏ.ਐਸ ਨਗਰ।**

**ਈ-ਮੇਲ recruitment@punjabeducation.gov.in** **Ph No. 0172-3115738**


---

ਮੀਮੋ ਨੰ.ਈ-541371/2024/58056 ਮਿਤੀ, ਐਸ.ਏ.ਐਸ. ਨਗਰ: 3-07-2024

## ਪਬਲਿਕ ਨੋਟਿਸ

ਸਕੂਲ ਸਿੱਖਿਆ ਵਿਭਾਗ ਅਧੀਨ 5994 ਈ.ਟੀ.ਟੀ.ਕਾਡਰ ਦਾ ਵਿਗਿਆਪਨ ਮਿਤੀ 12-10-2022 ਨੂੰ ਦਿੱਤਾ ਗਿਆ ਸੀ। ਜਿਸਦੀ ਅਪਲਾਈ ਕਰਨ ਦੀ ਆਖਰੀ ਮਿਤੀ 10-11-2022 ਸੀ। ਇਹਨਾਂ ਅਸਾਮੀਆਂ ਵਿੱਚ ਲਿਖਤੀ ਟੈਸਟ ਮਿਤੀ 05-03-2023 ਨੂੰ ਲਿਆ ਗਿਆ ਸੀ। ਸਿਵਲ ਰਿੱਟ ਪਟੀਸ਼ਨ ਨੰ. 6819 ਆਫ 2023 ਪਰਵਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਵਿੱਚ ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 30-04-2024 ਅਨੁਸਾਰ 5994 ਈ.ਟੀ.ਟੀ. ਭਰਤੀ ਦਾ ਪੇਪਰ-ਏ ਦੁਬਾਰਾ ਲਿਆ ਜਾਣਾ ਹੈ। ਇਸ ਮੰਤਵ ਲਈ 5994 ਈ.ਟੀ.ਟੀ. ਪੇਪਰ-ਏ (ਪੰਜਾਬੀ ਭਾਸ਼ਾ) ਦਾ ਸਿਲੇਬਸ ਵਿਭਾਗ ਦੀ ਵੈੱਬਸਾਈਟ www.educationrecruitmentboard.com ਤੇ ਮਿਤੀ 18-05-2024 ਨੂੰ ਅੱਪਲੋਡ ਕਰ ਦਿੱਤਾ ਗਿਆ ਹੈ। ਇਹਨਾਂ ਅਸਾਮੀਆਂ ਲਈ ਲਿਖਤੀ ਪੇਪਰ ਮਿਤੀ 28-07-2024 ਨੂੰ ਲਿਆ ਜਾਵੇਗਾ। ਪਬਲਿਕ ਨੋਟਿਸ ਨੰ. ਈ-369149/ਸਪੈਸ਼ਲ 2024 ਮਿਤੀ 12-06-2024 ਰਾਹੀਂ ਉਮੀਦਵਾਰਾ ਨੂੰ ਮਿਤੀ 21-06-2024 ਤੱਕ ਫੀਸ ਜਮ੍ਹਾਂ ਕਰਵਾਉਣ ਦਾ ਮੋਕਾ ਦਿੱਤਾ ਗਿਆ ਸੀ। ਇਸ ਉਪਰੰਤ ਪਬਲਿਕ ਨੋਟਿਸ ਨੰ. 541371/2024/46367 ਮਿਤੀ 21-06-2024 ਰਾਹੀਂ ਫੀਸ ਜਮ੍ਹਾ ਕਰਵਾਉਣ ਲਈ ਮਿਤੀ 24-06-2024 ਤੱਕ ਦਾ ਵਾਧਾ ਕੀਤਾ ਗਿਆ ਸੀ। ਇਸ ਉਪਰੰਤ ਵੱਖ-ਵੱਖ ਰਿੱਟ ਪਟੀਸ਼ਨਰਾਂ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਕੀਤੇ ਗਏ ਹੁਕਮਾਂ ਨੂੰ ਲਾਗੂ ਕਰਨ ਲਈ ਸਬੰਧਤ ਉਮੀਦਵਾਰਾਂ ਨੂੰ ਪਬਲਿਕ ਨੋਟਿਸ ਮਿਤੀ 21-06-2024 ਅਤੇ 02-07-2024 ਰਾਹੀਂ ਮਿਤੀ 03-07-2024 ਤੱਕ ਫੀਸ ਜਮ੍ਹਾ ਕਰਵਾਉਣ ਲਈ ਮੌਕਾ ਦਿੱਤਾ ਗਿਆ ਸੀ।

ਉਪਰੋਕਤ ਦਰਸਾਏ ਪਬਲਿਕ ਨੋਟਿਸਾ ਰਾਹੀਂ ਦਿੱਤੇ ਗਏ ਸਮੇਂ ਦੌਰਾਨ ਜਿਹਨਾਂ ਉਮੀਦਵਾਰਾਂ ਨੂੰ ਫੀਸ ਜਮ੍ਹਾ ਕਰਵਾਉਣ ਦਾ ਮੌਕਾ ਦਿੱਤਾ ਗਿਆ ਸੀ, ਉਹਨਾਂ ਸਾਰੇ ਉਮੀਦਵਾਰਾਂ ਲਈ ਇੱਕ ਆਖਰੀ ਮੌਕਾ ਦਿੰਦੇ ਹੋਏ ਫੀਸ ਜਮ੍ਹਾ ਕਰਵਾਉਣ ਲਈ ਸਮੇਂ ਵਿੱਚ ਮਿਤੀ 05-07-2024 ਤੱਕ ਦਾ ਵਾਧਾ ਕੀਤਾ ਜਾਂਦਾ ਹੈ। ਇਸ ਉਪਰੰਤ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ।

ਫੀਸ ਸਬੰਧੀ ਬਾਕੀ ਸ਼ਰਤਾ ਵਿਗਿਆਪਨ ਮਿਤੀ 12-10-2022 ਵਾਲੀਆ ਹੀ ਰਹਿਣਗੀਆ।

ਨੋਟ:-

(ਸ) ਫੀਸ ਭਰਨ ਲਈ ਉਮੀਦਵਾਰ ਵੱਲੋਂ ਆਪਣੇ ਰਜਿਸ਼ਟ੍ਰੇਸ਼ਨ ਨੰਬਰ ਅਤੇ ਪਾਸਵਰਡ ਦੀ ਮਦੱਦ ਨਾਲ ਆਪਣੇ ਅਕਾਊਂਟ ਵਿੱਚ ਲੋਗਇਨ ਕੀਤਾ ਜਾਵੇਗਾ। ਉਮੀਦਵਾਰ ਵੱਲੋਂ ਐਪਲੀਕੇਸ਼ਨ ਫੀਸ ਨਾਮ ਦੇ ਲਿੰਕ ਉੱਤੇ ਕਲਿੱਕ ਕਰਕੇ ਫੀਸ ਆਨਲਾਈਨ ਭਰੀ ਜਾ ਸਕਦੀ ਹੈ।

(ਹ) ਫੀਸ ਦੀ Confirmation ਹੋਣ ਉਪਰੰਤ ਉਸ ਦਾ ਪ੍ਰਿੰਟਆਊਟ ਜਰੂਰ ਲਿਆ ਜਾਵੇ ਅਤੇ ਇਸ ਨੂੰ ਸੰਭਾਲ ਕੇ ਰੱਖਿਆ ਜਾਵੇ।

3/07/2024

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ